# ਦਫਤਰ ਜਿਲਾ ਮੈਜਿਸਟਰੇਟ, ਰੂਪਨਗਰ।

(ਫੁਟਕਲ ਸ਼ਾਖਾ)

**ਹੁਕਮ:**

ਹੋਲਾ ਮੁਹੱਲਾ-2018 ਦੇ ਸਬੰਧ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਿਤੀ: 23-02-2018 ਨੂੰ ਕੀਤੀ ਗਈ ਮੀਟਿੰਗ ਦੌਰਾਨ ਸੀਨੀਅਰ ਪੁਲਿਸ ਕਪਤਾਨ, ਰੂਪਨਗਰ ਵੱਲੋ ਨਿਮਨਹਸਤਾਖਰ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਹੋਲੇ ਮੁਹੱਲੇ ਦੌਰਾਨ ਕੀਰਤਪੁਰ ਸਾਹਿਬ ਵਿਖੇ ਸੜਕ ਪੁਲਿਸ ਸਟੇਸ਼ਨ ਤੋਂ ਬਾਬਾ ਸ੍ਰੀ ਬੁਢਣ ਸ਼ਾਹ ਪੁੱਲ, ਸੜਕ ਬਾਬਾ ਬੁਢਣ ਸ਼ਾਹ ਪੁੱਲ ਤੋਂ ਸਮਾਧ ਬਾਬਾ ਸ੍ਰੀ ਬੁਢਣ ਸ਼ਾਹ ਜੀ ਅਤੇ ਸੜਕ ਬਾਬਾ ਬੁਢਣ ਸ਼ਾਹ ਪੁਲ ਤੋਂ ਗੁਰਦੁਆਰਾ ਬਾਬਾ ਸ੍ਰੀ ਗੁਰਦਿੱਤਾ ਜੀ ਤੇ ਰੇੜੀਆਂ/ਫੜੀਆਂ ਵਾਲੇ ਆਪਣੀਆਂ ਦੁਕਾਨਾ ਲਗਾ ਲੈਂਦੇ ਹਨ। ਜਿਸ ਨਾਲ ਹੋਲੇ ਮੁਹੱਲੇ ਦੌਰਾਨ ਸ਼ਰਧਾਲੂਆਂ ਨੂੰ ਕਾਫੀ ਦਿੱਕਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਇਹਨਾਂ ਰੇੜ੍ਹੀਆਂ/ਫੜੀਆਂ ਤੇ ਰੋਕ ਲਗਾਈ ਜਾਵੇ।

ਇਸ ਸਬੰਧੀ ਹੋਲੇ ਮੁਹੱਲੇ ਦਾ ਇਤਿਹਾਸਕ ਤਿਉਹਾਰ ਸ੍ਰੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਿਤੀ 25-02-18 ਤੋਂ ਮਿਤੀ 02-03-18 ਤੱਕ ਮਨਾਇਆ ਜਾ ਰਿਹਾ ਹੈ। ਇਸ ਮੇਲੇ ਦੌਰਾਨ ਲੱਖਾਂ ਦੀ ਤਾਦਾਦ ਵਿੱਚ ਦੇਸ਼-ਵਿਦੇਸ਼ ਤੋਂ ਸੰਗਤਾਂ ਮੱਥਾਂ ਟੇਕਣ ਆਉਂਦੀਆਂ ਹਨ। ਸ਼ਰਧਾਲੂਆਂ ਦਾ ਜਿਆਦਾ ਇਕੱਠ ਹੋਣ ਕਾਰਨ ਇਹਨਾਂ ਸੜਕਾਂ ਤੇ ਦੁਰਘਟਨਾਵਾਂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਪੁਲਿਸ ਸਟੇਸ਼ਨ ਤੋਂ ਬਾਬਾ ਸ੍ਰੀ ਬੁਢਣ ਸ਼ਾਹ ਪੁੱਲ, ਸੜਕ ਬਾਬਾ ਬੁਢਣ ਸ਼ਾਹ ਪੁੱਲ ਤੋਂ ਸਮਾਧ ਬਾਬਾ ਸ੍ਰੀ ਬੁਢਣ ਸ਼ਾਹ ਜੀ ਅਤੇ ਸੜਕ ਬਾਬਾ ਬੁਢਣ ਸ਼ਾਹ ਪੁਲ ਤੋਂ ਗੁਰਦੁਆਰਾ ਬਾਬਾ ਸ੍ਰੀ ਗੁਰਦਿੱਤਾ ਸੜਕ ਤੇ ਰੇੜ੍ਹੀਆਂ/ਫੜ੍ਹੀਆਂ ਤੇ ਰੋਕ ਲਗਾਉਣਾ ਅਤਿ ਜਰੂਰੀ ਹੈ।

ਇਸ ਲਈ ਮੈਂ ਗੁਰਨੀਤ ਤੇਜ ਆਈ.ਏ.ਐਸ, ਜਿਲਾ ਮੈਜਿਸਟਰੇਟ, ਰੂਪਨਗਰ ਫੋਜਦਾਰੀ ਜਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੋਲਾ ਮੁਹੱਲਾ ਦੇ ਇਤਿਹਾਸਕ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਸੜਕ ਪੁਲਿਸ ਸਟੇਸ਼ਨ ਕੀਰਤਪੁਰ ਤੋਂ ਬਾਬਾ ਸ੍ਰੀ ਬੁਢਣ ਸ਼ਾਹ ਪੁੱਲ, ਸੜਕ ਬਾਬਾ ਬੁਢਣ ਸ਼ਾਹ ਪੁੱਲ ਤੋਂ ਸਮਾਧ ਬਾਬਾ ਸ੍ਰੀ ਬੁਢਣ ਸ਼ਾਹ ਜੀ ਅਤੇ ਸੜਕ ਬਾਬਾ ਬੁਢਣ ਸ਼ਾਹ ਪੁਲ ਤੋਂ ਗੁਰਦੁਆਰਾ ਬਾਬਾ ਸ੍ਰੀ ਗੁਰਦਿੱਤਾ ਜੀ ਵਾਲੀ ਸੜਕ ਤੇ ਰੇੜ੍ਹੀਆਂ/ਫੜ੍ਹੀਆਂ ਲਗਾਉਣ ਤੇ ਰੋਕ ਲਗਾਉਣ ਦਾ ਹੁਕਮ ਜਾਰੀ ਕਰਦੀ ਹਾਂ ਤਾਂ ਜੋ ਕੋਈ ਅਣ-ਸੁਖਾਵੀਂ ਘਟਨਾਵਾਂ ਤੋਂ ਬਚਿਆ ਜਾ ਸਕੇ।

ਇਹ ਹੁਕਮ **ਮਿਤੀ 25-02-2018 ਤੋਂ 02-03-2018** ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਜਨਤਾ ਦੇ ਨਾਮ ਤੇ ਜਾਰੀ ਕੀਤਾ ਜਾਂਦਾ ਹੈ। ਇਸ ਹੁਕਮ ਦਾ ਜਿਲ੍ਹਾ ਲੋਕ ਸੰਪਰਕ ਵਿਭਾਗ, ਰੂਪਨਗਰ ਦੀ ਪ੍ਰਚਾਰ ਵੈਨ ਰਾਹੀਂ ਪ੍ਰਚਾਰ ਕਰਕੇ ਅਤੇ ਇਸ ਹੁਕਮ ਦੀਆਂ ਕਾਪੀਆਂ ਜਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ, ਕਾਰਜ ਸਾਧਕ ਅਫਸਰਾਂ ਦੇ ਦਫਤਰ ਦੇ ਨੋਟਿਸ ਬੋਰਡਾਂ ਅਤੇ ਜਨਤਕ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਦਸਖਤਾਂ ਅਤੇ ਮੋਹਰ ਅਦਾਲਤ ਹੇਠ ਮਿਤੀ 24-2-2018 ਨੂੰ ਜਾਰੀ ਹੋਇਆ।

ਸਹੀ/-
ਜਿਲ੍ਹਾ ਮੈਜਿਸਟਰੇਟ,
ਰੂਪਨਗਰ।

ਪਿੱਠ ਅੰਕਣ ਨੰ: 5060-5109 /ਫਸ-1 ਮਿਤੀ 24-2-2018

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ ,ਪੰਜਾਬ,ਚੰਡੀਗੜ੍ਹ।
3. ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।
4. ਡੀ.ਆਈ.ਜੀ., ਰੂਪਨਗਰ ਰੇਂਜ, ਰੂਪਨਗਰ।
5. ਡੀ.ਆਈ.ਜੀ., ਸੀ.ਆਈ.ਡੀ., ਪੰਜਾਬ, ਚੰਡੀਗੜ੍ਹ।
6. ਸਮੂਹ ਜਿਲ੍ਹਾ ਮੈਜਿਸਟਰੇਟ।
7. ਡਾਇਰੈਕਟਰ, ਆਲ ਇੰਡੀਆ ਰੇਡੀਓ, ਜਲੰਧਰ।
8. ਸੀਨੀਅਰ ਪੁਲਿਸ ਕਪਤਾਨ, ਰੂਪਨਗਰ (20 ਕਾਪੀਆਂ)
9 ਜਿਲ੍ਹਾ ਸੈਸ਼ਨ ਜੱਜ,ਰੂਪਨਗਰ।
10. ਉਪ ਮੰਡਲ ਮੈਜਿਸਟਰੇਟ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ਨੰਗਲ/ਮੋਰਿੰਡਾ ।
11. ਕਾਰਜਕਾਰੀ ਇੰਜੀਨੀਅਰ,ਲੋ:ਨਿ:ਵਿ:(ਭ ਤੇ ਮ ਸ਼ਾਖਾ) ਰੂਪਨਗਰ
12 ਜਿਲਾ ਲੋਕ ਸੰਪਰਕ ਅਫਸਰ,ਰੂਪਨਗਰ (20 ਕਾਪੀਆਂ)
13. ਤਹਿਸੀਲਦਾਰ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ਨੰਗਲ।
14. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਰੂਪਨਗਰ/ਸ੍ਰੀ ਆਨੰਦਪੁਰ ਸਾਹਿਬ/ਨੂਰਪੁਰ ਬੇਦੀ/ਸ੍ਰੀ ਚਮਕੌਰ ਸਾਹਿਬ/ ਮੋਰਿੰਡਾ।
15. ਕਾਰਜ ਸਾਧਕ ਅਫਸਰ, ਨਗਰ ਕੌਸ਼ਲ, ਰੂਪਨਗਰ/ਮੋਰਿੰਡਾ/ ਸ੍ਰੀ ਆਨੰਦਪੁਰ ਸਾਹਿਬ/ਨੰਗਲ
16. ਕਾਰਜ ਸਾਧਕ ਅਫਸਰ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ/ਕੀਰਤਪੁਰ ਸਾਹਿਬ
17. ਜਿਲਾ ਸੂਚਨਾ ਅਫਸਰ,ਰੂਪਨਗਰ।
18. ਪੀ.ਏ. ਟੂ ਡੀ.ਐਮ.,/ਏ.ਡੀ.ਐਮ., ਰੂਪਨਗਰ।

ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਕਮਿਸ਼ਨਰ(ਜ)
ਵਾ: ਜਿਲ੍ਹਾ ਮੈਜਿਸਟਰੇਟ,
ਰੂਪਨਗਰ